

# ਦ੍ਰਿਸ਼ ਕਲਾ

## ਅਧਿਆਪਕ ਦੇ ਲਈ

- ਵਿਦਿਆਰਥੀਆਂ ਦੇ ਬੈਠਣ ਲਈ ਆਰਾਮਦਾਇਕ ਸਥਾਨ ਨਿਸ਼ਚਿਤ ਕਰੋ। ਇਸ ਦੇ ਨਾਲ ਹੀ ਕੰਮ ਕਰਨ ਲਈ ਲੋੜੀਂਦੀ ਰੋਸ਼ਨੀ ਅਤੇ ਹਵਾਦਾਰ ਸਥਾਨ ਪ੍ਰਦਾਨ ਕਰੋ।
- ਵਿਦਿਆਰਥੀਆਂ ਦੇ ਕੰਮ ਨੂੰ ਸਾਰਿਆਂ ਨਾਲ ਸਾਂਝਾ ਕਰਨ ਲਈ ਪ੍ਰਦਰਸ਼ਨੀ ਬੋਰਡ ਲਗਾਓ ਅਤੇ ਵਿਦਿਆਰਥੀਆਂ ਦੇ ਕੰਮ ਨੂੰ ਨਿਯਮਤ ਤੌਰ ਉੱਤੇ ਬਦਲਦੇ ਰਹੋ ਤਾਂ ਜੋ ਉਹਨਾਂ ਨੂੰ ਪ੍ਰੇਰਿਤ ਕੀਤਾ ਜਾ ਸਕੇ।
- ਵਿਦਿਆਰਥੀਆਂ ਨੂੰ ਆਪਣੀਆਂ, ਭਾਵਨਾਵਾਂ ਅਤੇ ਵਿਚਾਰ ਪ੍ਰਗਟ ਕਰਨ ਲਈ ਉਤਸਾਹਿਤ ਕਰੋ। ਉਨ੍ਹਾਂ ਦੀ ਮੌਲਿਕਤਾ ਅਤੇ ਮਾਸੂਮੀਅਤ ਨੂੰ ਉਨ੍ਹਾਂ ਦੇ ਕੰਮ ਵਿੱਚ ਪ੍ਰਤੀਬਿੰਬਤ ਹੋਣ ਦਿਓ।
- ਵਿਦਿਆਰਥੀਆਂ ਨੂੰ ਜਮਾਤ ਵਿਚ ਪ੍ਰਯੋਗ ਕਰਨ ਦੇ ਮੌਕੇ ਪ੍ਰਦਾਨ ਕਰਵਾਓ ਅਤੇ ਆਪਣੇ ਵਿਚਾਰਾਂ ਦਾ ਅਦਾਨ ਪ੍ਰਦਾਨ ਕਰਨ ਵਾਲੀਆਂ ਗਤੀਵਿਧੀਆਂ ਲਈ ਉਤਸਾਹਿਤ ਕਰੋ ।
- ਕੰਮ ਖਤਮ ਹੋਣ ਤੋਂ ਬਾਅਦ ਸਾਫ-ਸਫਾਈ ਅਤੇ ਕਲਾ ਸਮੱਗਰੀ ਦੇ ਉਚਿਤ ਰੱਖ-ਰਖਾਓ ਕਰਨ ਵਰਗੀਆਂ ਆਦਤਾਂ ਨੂੰ ਵਿਕਸਿਤ ਕਰੋ।
- ਵਿਦਿਆਰਥੀਆਂ ਦੇ ਘਰ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਵਿਚਾਰ-ਚਰਚਾ ਕਰੋ। ਉਹਨਾਂ ਨੂੰ ਮਾਪਿਆਂ ਨਾਲ ਮਿਲ ਕੇ ਕਲਾ ਅਤੇ ਸਭਿਆਚਾਰ ਬਾਰੇ ਸਿਖਣ ਲਈ ਉਤਸਾਹਿਤ ਕਰੋ।



© NCERT not to be republished

# 1 ਕਲਾ ਦੀਆਂ ਵਸਤੂਆਂ


0337CH01

ਅਸੀਂ ਆਪਣੇ ਆਲੇ-ਦੁਆਲੇ ਵੱਖ-ਵੱਖ ਕਿਸਮਾਂ ਦੀਆਂ ਵਸਤੂਆਂ ਦੇਖਦੇ ਹਾਂ। ਇਨ੍ਹਾਂ ਵਸਤੂਆਂ ਦੀ ਵਰਤੋਂ ਅਸੀਂ ਸਜਾਵਟ, ਦੇ ਲਈ, ਸਕੂਲ ਵਿਚ ਪੜ੍ਹਨ-ਪੜ੍ਹਾਉਣ ਲਈ ਅਤੇ ਘਰ ਦੇ ਕੰਮਾਂ ਲਈ ਕਰਦੇ ਹਾਂ। ਇਹ ਵਸਤੂਆਂ ਵੱਖ-ਵੱਖ ਸਮੱਗਰੀਆਂ ਤੋਂ ਵੱਖ-ਵੱਖ ਆਕਾਰਾਂ ਦੀ ਬਣੀਆਂ ਹੁੰਦੀਆਂ ਹਨ।
















ਇਸ ਅਧਿਆਇ ਤੋਂ ਬਾਅਦ ਤੁਸੀਂ ਚਿੱਤਰ ਕਲਾ, ਰੰਗੀਨ ਵਸਤਾਂ, ਮਿੱਟੀ ਤੋਂ ਕਈ ਅਕਾਰ ਬਣਾ ਸਕਦੇ ਹਾਂ। ਇਸ ਦੇ ਨਾਲ ਹੀ ਤੁਸੀਂ ਵੱਖ-ਵੱਖ ਪ੍ਰਕਾਰ ਦੀ ਵਸਤੂਆਂ ਦੇ **ਆਕਾਰ, ਰੰਗ, ਰੂਪ** ਅਤੇ ਭੌਤਿਕ ਵਸਤੂਆਂ ਬਣਾਉਣਾ ਵੀ ਸਿੱਖੋਗੇ।

not to be republished



## ਗਤੀਵਿਧੀ 1 ਆਓ, ਰੇਖਾਵਾਂ ਨਾਲ ਖੇਡੀਏ

ਪੈਨਸਿਲ ਜਾਂ ਪੈਨ ਦੀ ਮਦਦ ਨਾਲ ਕਾਗਜ਼ ਉਤੇ ਸਿੱਧੀਆਂ-ਪੁੱਠੀਆਂ, ਟੇਢੀਆਂ-ਮੇਢੀਆਂ ਰੇਖਾਵਾਂ ਬਣਾਓ।

ਕੁਝ ਰੇਖਾਵਾਂ ਤੇਜ਼ੀ ਨਾਲ ਅਤੇ ਕੁਝ ਹੌਲੀ-ਹੌਲੀ ਬਣਾਓ।

- ਥੋੜੇ ਜੋਰ ਨਾਲ ਮੋਟੀਆਂ ਅਤੇ ਗੂੜੀਆਂ ਰੇਖਾਵਾਂ ਬਣਾਓ।
- ਪਤਲੀਆਂ ਅਤੇ ਹਲਕੀਆਂ ਰੇਖਾਵਾਂ ਲਈ ਘੱਟ ਦਬਾ ਪਾਓ

ਹੇਠ ਲਿਖੀਆਂ ਕਿਸਮਾਂ ਦੀਆਂ ਰੇਖਾਵਾਂ ਖਿੱਚੋ-

ਲਹਿਰਦਾਰ ਰੇਖਾਵਾਂ

ਟੇਢੀਆਂ-ਮੇਢੀਆਂ ਰੇਖਾਵਾਂ

ਬਿੰਦੀਦਾਰ ਰੇਖਾਵਾਂ

ਟੁੱਟੀਆਂ ਰੇਖਾਵਾਂ

ਖੜ੍ਹੀਆਂ ਰੇਖਾਵਾਂ

ਲੇਟਵੀਆਂ ਰੇਖਾਵਾਂ

ਢਲਾਣਦਾਰ ਰੇਖਾਵਾਂ

ਘੁੰਮਾਵਦਾਰ ਰੇਖਾਵਾਂ

© NCERT not to be republished

## ਗਤੀਵਿਧੀ 2 ਆਪਣੇ ਆਲੇ-ਦੁਆਲੇ ਨਜ਼ਰ ਆਉਣ ਵਾਲੀਆਂ ਵਸਤੂਆਂ ਦੇ ਚਿੱਤਰ ਬਣਾਓ ਅਤੇ ਉਸ ਵਿੱਚ ਰੰਗ ਭਰੋ।

ਆਪਣੇ ਆਲੇ-ਦੁਆਲੇ ਦੀਆਂ ਕੁਝ ਵਸਤੂਆਂ ਨੂੰ ਛੂਹੋ ਅਤੇ ਵੇਖੋ। ਉਨ੍ਹਾਂ ਵਸਤੂਆਂ ਦੀ **ਲਕੀਰਾਂ, ਆਕਾਰ** ਅਤੇ **ਰੰਗ** ਦਾ ਨਿਰੀਖਣ ਕਰੋ।

ਕਿਸੇ ਵੀ ਆਕਾਰ ਦੀਆਂ ਤਿੰਨ ਵੱਖ-ਵੱਖ ਵਸਤੂਆਂ ਨੂੰ ਬਣਾਓ ਅਤੇ ਉਨ੍ਹਾਂ ਵਿੱਚ ਰੰਗ ਭਰੋ।



**ਜਾਰੀ ਹੈ: ਕਿਸੇ ਕਾਗਜ਼ ਦੇ ਟੁੱਕੜੇ, ਬਲੈਕ ਬੋਰਡ ਜਾਂ ਚਿੱਤਰ ਕਲਾ ਦੀ ਕਾਪੀ ਉੱਪਰ ਹੋਰ ਚਿੱਤਰ ਬਣਾਓ।**

© NCERT not to be republished

ਆਪਣੇ ਘਰ ਦੀਆਂ ਕੁਝ ਚੀਜ਼ਾਂ ਦੇ ਚਿੱਤਰ ਬਣਾਓ ਅਤੇ ਰੰਗ ਭਰੋ।

ਆਪਣੇ ਘਰ ਦੇ ਆਲੇ-ਦੁਆਲੇ ਤੋਂ ਵੱਖ-ਵੱਖ **ਆਕਾਰਾਂ ਅਤੇ ਰੂਪਾਂ ਦੀਆਂ** ਚੀਜ਼ਾਂ ਨੂੰ ਲੱਭੋ ਜੋ ਹੇਠ ਲਿਖੇ ਕੰਮਾਂ ਲਈ ਵਰਤੀ ਜਾਂਦੀ ਹੈ। ਜਿਵੇਂ:

- ਖਾਣਾ ਬਣਾਉਣਾ
- ਕੰਮ ਕਰਨਾ
- ਪੜ੍ਹਨਾ
- ਸੌਣਾ
- ਖੇਡਣਾ

ਇਨ੍ਹਾਂ ਵਿੱਚੋਂ ਕੁਝ ਚੀਜ਼ਾਂ ਦੇ ਚਿੱਤਰ ਬਣਾਓ ਅਤੇ ਇਨ੍ਹਾਂ ਵਿੱਚ ਰੰਗ ਭਰੋ।

ਆਪਣੇ ਚਿੱਤਰਾਂ ਨੂੰ ਆਪਣੇ ਸਾਥੀਆਂ ਨੂੰ ਦਿਖਾਓ।




© NCERT not to be republished


# ਗਤੀਵਿਧੀ 3 ਛਾਪਾ, ਕੱਟਣਾ ਅਤੇ ਇਕ ਚੀਜ ਨੂੰ ਦੂਜੀ ਨਾਲ ਢੱਕਣਾ (ਓਵਰਲੈਪ)

ਇਹ ਗਤੀਵਿਧੀ ਕਿਸੇ ਵੀ ਤਿੰਨ ਵੱਖ-ਵੱਖ ਕਿਸਮਾਂ ਦੀਆਂ ਵਸਤੂਆਂ ਦੀ ਵਰਤੋਂ ਕਰਕੇ ਕੀਤੀ ਜਾ ਸਕਦੀ ਹੈ, ਜਿਵੇਂ ਕਿ ਪੱਤੇ, ਛੋਟੀਆਂ ਵਸਤੂਆਂ ਅਤੇ ਵੱਖਰੇ ਆਕਾਰ।

**ਪੜਾਅ 1**

ਕੋਈ ਵੀ ਤਿੰਨ ਵਸਤੂਆਂ ਚੁਣੋ ਅਤੇ ਉਨ੍ਹਾ ਦੇ ਚਿੱਤਰ ਬਣਾਓ।



ਵਸਤੂ 1


ਵਸਤੂ 2


ਵਸਤੂ 3

**ਪੜਾਅ 2**

ਆਪਣੇ ਬਣਾਏ ਗਏ ਚਿੱਤਰਾ ਉੱਤੇ ਛਪਾਈ ਵਾਲਾ ਕਾਗਜ਼ (ਟ੍ਰੇਸਿੰਗ ਪੇਪਰ) ਲਗਾ ਕੇ ਤਿੰਨਾਂ ਚਿੱਤਰਾਂ ਦੀ ਵਖਰੇ ਤੌਰ 'ਤੇ ਛਪਾਈ ਕਰੋ।




**ਅਧਿਆਪਕ ਦੇ ਲਈ ਸੰਕੇਤ**

- ਛਪਾਈ ਦੀ ਕਿਰਿਆ ਵਿੱਚ ਬਾਂਹ ਦੀ ਗਤੀ ਅਤੇ ਪੈਨਸਿਲ ਦੀ ਦੀ ਪਕੜ ਵਿਕਸਤ ਹੁੰਦੀ ਹੈ।
- ਛਪਾਈ ਨਵੇਂ ਆਕਾਰ ਅਤੇ ਰੰਗ ਭਰਣ ਵਿੱਚ ਮਦਦ ਕਰਦੀ ਹੈ।


**ਪੜਾਅ 3**

ਤਿੰਨਾਂ ਵਸਤੂਆਂ ਦੀ ਛਪਾਈ ਨੂੰ ਕੱਟੋ।




**ਪੜਾਅ 4**

ਪਹਿਲੀ ਕੱਟੀ ਹੋਈ ਇੱਕ ਛਪਾਈ ਦੇ ਆਕਾਰ ਦੀ ਬਾਹਰੀ ਲਕੀਰ ਬਣਾਓ।




© NCERT not to be republished

### ਪੜਾਅ 5
ਦੂਸਰੀ ਛਪਾਈ ਦੇ ਆਕਾਰ ਨੂੰ ਪਹਿਲਾਂ ਕੀਤੀ ਛਪਾਈ ਦੇ ਆਕਾਰ ਉਤੇ ਫਿਰ ਤੋਂ ਛਪਾਈ ਕਰਦੇ ਹੋਏ ਰੱਖੋ। ਹੁਣ ਉਸ ਦੀ ਬਾਹਰਲੀ ਲਕੀਰਾਂ ਬਣਾਓ।



### ਪੜਾਅ 6
ਤੀਜੀ ਛਪਾਈ ਨੂੰ ਪਹਿਲਾ ਬਣੇ ਹੋਏ ਆਕਾਰ 'ਤੇ ਦੁਬਾਰਾ ਰੱਖੋ ਅਤੇ ਇੱਕ ਉਪਰ ਇਕ ਰੱਖ ਕੇ ਉਸਦੀ ਬਾਹਰੀ ਲਾਈਨ ਬਣਾਓ।

ਵਾਹ! ਤੁਸੀਂ ਇੱਕ ਨਵਾਂ ਆਕਾਰ ਬਣਾ ਲਿਆ।



### ਪੜਾਅ 7
ਹਰੇਕ ਆਕਾਰ ਵਿੱਚ ਅਲੱਗ ਅਲੱਗ **ਲਾਲ**, **ਪੀਲਾ** ਅਤੇ **ਨੀਲਾ** ਰੰਗ ਭਰੋ।
ਤੁਸੀ ਪਾਣੀ ਵਾਲੇ ਰੰਗਾਂ ਦੀ ਵਰਤੋਂ ਕਰ ਸਕਦੇ ਹੋ।

ਵਾਹ! ਹੁਣ ਤੁਸੀਂ ਛਪਾਈ ਕੀਤੇ ਇਕ ਉਪਰ ਇਕ ਆਕਾਰਾਂ ਵਿੱਚ ਤਿੰਨ ਨਵੇਂ ਰੰਗ ਵੇਖੋਗੇ।



### ਪੜਾਅ 8
ਆਪਣੇ ਕੰਮ ਨੂੰ ਪੂਰਾ ਕਰੋ। ਜਗ੍ਹਾਂ ਦੀ ਸਫਾਈ ਕਰੋ।

© NCERT not to be republished

## ਗਤੀਵਿਧੀ 4 ਇੱਕ ਬੋਤਲ ਬਣਾਓ ਅਤੇ ਇਸ ਦੇ ਆਕਾਰ ਨਾਲ ਖੇਡੋ।

ਮੈਂ ਇੱਕ ਬੋਤਲ ਦਾ ਢੱਕਣ ਹਾਂ।

ਮੈਨੂੰ ਲੱਗਦਾ ਹੈ ਕਿ ਤੁਸੀਂ ਮੇਰਾ ਆਕਾਰ ਜਾਣਦੇ ਹੋ।

ਮੈਂ ਆਪਣੀ ਬੋਤਲ ਗੁਆ ਬੈਠਾ ਹਾਂ।

ਕੀ ਤੁਸੀਂ ਮੇਰੇ ਲਈ ਇੱਕ ਬੋਤਲ ਬਣਾ ਸਕਦੇ ਹੋ?

ਇਸ ਨੂੰ ਉਹਨਾਂ ਬੋਤਲਾਂ ਤੋਂ ਵੱਖਰਾ ਬਣਾਓ, ਜੋ ਤੁਸੀਂ ਦੇਖੀਆਂ ਹੋਣ।

ਜਾਂ, ਮੈਂ ਜਾਣਦਾ ਨਹੀਂ ਕਿ ਮੇਰੀ ਕਿਹੜੀ ਹੈ!

ਜੇ ਤੁਸੀਂ ਦੋ ਬਣਾਈਆਂ ਨੇ,
ਤਾਂ ਇਸ ਨਾਲ ਮੇਰੇ ਦੋਸਤ ਨੂੰ ਵੀ ਖੁਸ਼ੀ ਹੋਵੇਗੀ!

© NCERT not to be republished

## ਗਤੀਵਿਧੀ 5 ਮਿੱਟੀ (ਕਲੇਅ) ਨਾਲ ਖੇਡੋ



ਕੀ ਮਿੱਟੀ ਦੇ ਨਾਲ ਖੇਡਣਾ ਤੁਹਾਨੂੰ ਚੰਗਾ ਲੱਗਦਾ ਹੈ?

ਮਿੱਟੀ ਤੋਂ ਵੱਖ-ਵੱਖ **ਆਕਾਰਾਂ** ਅਤੇ **ਰੂਪਾਂ** ਨੂੰ ਤਿਆਰ ਕੀਤਾ ਜਾ ਸਕਦਾ ਹੈ।

ਆਪਣੇ ਆਲੇ-ਦੁਆਲੇ ਮੌਜੂਦ ਬੁਨਿਆਦੀ ਵਸਤੂਆਂ ਦੀ ਨਕਲ ਕਰਕੇ ਮਿੱਟੀ ਨਾਲ ਕੁਝ ਨਵਾਂ ਬਣਾਓ। ਇਨ੍ਹਾਂ ਵਸਤੂਆਂ ਨੂੰ ਬਣਾਉਂਦੇ ਹੋਏ ਤੁਸੀਂ ਆਪਣੀ ਕਲਪਨਾ ਮੁਤਾਬਿਕ ਉਸ ਵਿੱਚ ਕੁਝ ਨਵਾਂ ਜੋੜਨ ਦੀ ਕੋਸ਼ਿਸ਼ ਕਰੋ ਅਤੇ ਉਸ ਨੂੰ ਆਪਣੇ ਸਾਥੀਆਂ ਨੂੰ ਦਿਖਾਓ।

ਇਹਨਾਂ ਨੂੰ ਮਿੱਟੀ ਨਾਲ ਬਣਾਉਣਾ ਸ਼ੁਰੂ ਕਰੋ। ਇਕ ਡੰਡੇ ਦੀ ਵਰਤੋਂ ਕਰਕੇ ਡਿਜ਼ਾਈਨ, ਪੈਟਰਨ, ਡੌਟ ਅਤੇ ਲਾਈਨਾਂ ਜੋੜੋ।

ਉਹਨਾਂ ਨੂੰ ਪੂਰਾ ਕਰੋ ਅਤੇ ਆਪਣੀਆਂ ਵਸਤੂਆਂ ਨੂੰ ਵੱਖਰੇ ਨਾਮ ਦਿਓ। ਆਪਣੀਆਂ ਵਸਤੂਆਂ ਬਣਾਉਣ ਤੋਂ ਬਾਅਦ ਆਪਣੇ ਹੱਥ ਧੋਣਾ ਅਤੇ ਆਪਣੀ ਜਗ੍ਹਾ ਸਾਫ਼ ਕਰਨਾ ਨਾ ਭੁੱਲਣਾ!

**ਕੀ ਤੁਸੀਂ ਜਾਣਦੇ ਹੋ ?**

ਭਾਰਤੀ ਸੰਗੀਤ ਵਿੱਚ ਮਿੱਟੀ ਦਾ ਘੜਾ ਇੱਕ ਵਾਧ ਯੰਤਰ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਇਸ ਯੰਤਰ ਨੂੰ 'ਘਟਮ' ਕਿਹਾ ਜਾਂਦਾ ਹੈ।

**ਜਾਰੀ ਹੈ: ਤੁਸੀਂ ਸਥਾਨਿਕ ਅਜ਼ਾਇਬ ਘਰ, ਕਰਾਫ਼ਟ ਮੇਲੇ ਜਾਂ ਕਿਸੇ ਘੁਮਿਆਰ ਕੋਲ ਜਾਓ। ਇਥੇ ਤੁਸੀਂ ਵੱਖ-ਵੱਖ ਤਰ੍ਹਾਂ ਦੀ ਮਿੱਟੀ ਦੀ ਵਸਤੂਆਂ ਵੇਖੋਗੇ। ਆਪਣੀ ਪਸੰਦ ਦਾ ਕੋਈ ਚਿੱਤਰ ਬਣਾਓ। ਇਹ ਬਹੁਤ ਮਜ਼ੇਦਾਰ ਹੋਵੇਗਾ।**



## ਗਤੀਵਿਧੀ 6 ਮਿੱਟੀ ਦੇ ਭਾਂਡੇ ਬਣਾਓ

1. ਇਹਨਾਂ ਤਸਵੀਰਾਂ ਵਿੱਚ ਤੁਸੀਂ ਕਿਹੜੀਆਂ ਚੀਜ਼ਾਂ ਦੇਖ ਰਹੇ ਹੋ?

______________________________

______________________________

2. ਦਿਖਾਈ ਦੇ ਰਹੇ ਭਾਂਡਿਆਂ ਦੇ ਆਕਾਰ ਅਤੇ ਰੂਪ ਵਿਚ ਕੀ ਅੰਤਰ ਹੈ?

______________________________

______________________________

3. ਹਰੇਕ ਤਸਵੀਰ ਵਿੱਚ ਲੋਕ ਕੀ ਕਰ ਰਹੇ ਹਨ?

______________________________

______________________________

ਇੱਕ ਮਿੱਟੀ ਦੇ ਘੜੇ ਨੂੰ ਸਜਾਉਣ ਦੀ ਕੋਸ਼ਿਸ਼ ਕਰੋ!

